
Premier
Dalton McGuinty

ਓਨਟੇਰੀਓ ਵਿੱਚ ਤੁਹਾਡਾ ਸਵਾਗਤ ਹੈ! ਤੁਸੀਂ ਸਹੀ ਜਗ੍ਹਾ ’ਤੇ ਆ ਗਏ ਹੋ।
ਓਨਟੇਰੀਓ ਹੀ ਵਧੀਆ ਥਾਂ ਹੈ, ਅਤੇ ਇੱਥੇ ਵੱਸ ਜਾਣ – ਅਤੇ ਕਾਮਯਾਬ ਹੋਣ – ਬਾਰੇ ਜਾਣਕਾਰੀ ਹਾਸਲ ਕਰਨ ਲਈ ਇਹ ਜਗ੍ਹਾ ਸਭ ਤੋਂ ਵਧੀਆ ਥਾਵਾਂ ਵਿੱਚੋਂ ਇੱਕ ਹੈ।

ਓਨਟੇਰੀਓ ਸੰਸਾਰ ਦੀਆਂ ਸਭ ਤੋਂ ਵੱਧ ਭਿੰਨਤਾ-ਭਰਪੂਰ ਥਾਵਾਂ ਵਿੱਚੋਂ ਇੱਕ ਹੈ। ਸਾਡੇ ਲੋਕ 130 ਤੋਂ ਵਧੇਰੇ ਭਾਸ਼ਾਵਾਂ ਬੋਲਦੇ ਹਨ ਅਤੇ ਉਹ ਦੁਨੀਆਂ ਦੇ 200 ਵੱਖੋ-ਵੱਖਰੇ ਮੁਲਕਾਂ ਤੋਂ ਆਏ ਹਨ। ਹਰ ਰੋਜ਼ 300 ਤੋਂ ਵੀ ਵਧੇਰੇ ਲੋਕ – ਕੈਨੇਡਾ ਦੇ ਕਿਸੇ ਵੀ ਹੋਰ ਸੂਬੇ ਤੋਂ ਵਧੇਰੇ – ਓਨਟੇਰੀਓ ਨੂੰ ਆਪਣਾ ਨਵਾਂ ਘਰ ਬਣਾਉਂਦੇ ਹਨ।

ਓਨਟੇਰੀਓ ਬਾਰੇ ਸਭ ਤੋਂ ਵਧੀਆ ਗੱਲਾਂ ਵਿੱਚੋਂ ਇੱਕ ਹੈ ਕਿ ਤੁਸੀਂ ਜੋ ਵੀ ਹੋ, ਉਹੋ ਹੀ ਰਹਿ ਕੇ ਵੀ ਇੱਕ ਵਡੇਰੇ ਭਾਈਚਾਰੇ ਦਾ ਹਿੱਸਾ ਹੋ ਸਕਦੇ ਹੋ। ਸੱਚੀ ਗੱਲ ਤਾਂ ਇਹ ਹੈ ਕਿ ਸਾਡੇ ਲੋਕ ਹੀ ਸਾਡਾ ਸਭ ਤੋਂ ਵੱਡਮੁੱਲਾ ਵਸੀਲਾ ਹਨ, ਅਤੇ ਖ਼ੁਦ ਉਨ੍ਹਾਂ ਦੇ ਸਭ ਤੋਂ ਵੱਡੇ ਵਸੀਲਿਆਂ ਵਿੱਚੋਂ ਇੱਕ ਹੈ ਉਨ੍ਹਾਂ ਦੀ ਭਿੰਨਤਾ। ਇਸੇ ਲਈ ਹੀ ਅਸੀਂ ਦੁਨੀਆਂ ਭਰ ਵਿੱਚੋਂ ਸਭ ਤੋਂ ਚੰਗੇ ਅਤੇ ਸਭ ਤੋਂ ਹੁਸ਼ਿਆਰ ਵਿਅਕਤੀਆਂ ਨੂੰ ਖਿੱਚਣਾ ਜਾਰੀ ਰੱਖਣਾ ਚਾਹੁੰਦੇ ਹਾਂ, ਕਿਉਂਕਿ ਸਾਡੀ ਭਿੰਨਤਾ ਹੀ ਸਾਡੇ ਅਰਥਚਾਰੇ, ਸਾਡੀ ਖ਼ੁਸ਼ਹਾਲੀ ਅਤੇ ਸਾਡੇ ਸੂਬੇ ਨੂੰ ਮਜ਼ਬੂਤ ਬਣਾਉਂਦੀ ਹੈ।

ਕੈਨੇਡਾ ਵਿੱਚ ਨਵੇਂ ਆਉਣ ਵਾਲੇ ਲੋਕ ਜੀਵਨ ਦੇ ਹਰ ਖੇਤਰ ਵਿੱਚ, ਸਾਡੇ ਅਰਥਚਾਰੇ ਅਤੇ ਸਾਡੇ ਸਮਾਜ ਵਿੱਚ ਜ਼ਬਰਦਸਤ ਯੋਗਦਾਨ ਪਾ ਰਹੇ ਹਨ। ਅਤੇ ਜਦੋਂ ਸਾਡੇ ਸੂਬੇ ਵਿੱਚ ਨਵੇਂ ਆਉਣ ਵਾਲੇ ਲੋਕ ਕਾਮਯਾਬ ਹੁੰਦੇ ਹਨ, ਓਨਟੇਰੀਓ ਕਾਮਯਾਬ ਹੁੰਦਾ ਹੈ।

ਇਸੇ ਲਈ ਹੀ ਸਾਡੀ ਸਰਕਾਰ ਤੁਹਾਡੇ ਨਾਲ ਅਤੇ ਤੁਹਾਡੇ ਪਰਿਵਾਰ ਨਾਲ ਮਿਲ ਕੇ ਤੁਹਾਨੂੰ ਇੱਥੇ ਵੱਸਣ ਅਤੇ ਕਾਮਯਾਬ ਕਰਨ ਵਿੱਚ ਸਹਾਇਤਾ ਕਰੇਗੀ। ਅਸੀਂ ਯਕੀਨੀ ਬਣਾਵਾਂਗੇ ਕਿ ਤੁਹਾਡੇ ਬੱਚਿਆਂ ਨੂੰ ਸਕੂਲ ਵਿੱਚ ਚੰਗੀ ਤੋਂ ਚੰਗੀ ਸ਼ੁਰੂਆਤ ਮਿਲੇ। ਅਸੀਂ ਇਹ ਯਕੀਨੀ ਬਣਾਵਾਂਗੇ ਕਿ ਤੁਹਾਡੇ ਪਰਿਵਾਰ ਲਈ ਉੱਚ-ਮਿਆਰੀ ਸਿਹਤ-ਸੰਭਾਲ ਸੇਵਾਵਾਂ ਮੌਜੂਦ ਹੋਣ। ਅਤੇ ਤੁਹਾਨੂੰ ਫਟਾ-ਫਟ ਵੱਸ ਜਾਣ ਅਤੇ ਕੰਮ ਲੱਭਣ ਵਿੱਚ ਸਹਾਇਤਾ ਕਰਨ ਲਈ ਅਸੀਂ ਕੈਨੇਡਾ ਸਰਕਾਰ ਨਾਲ ਮਿਲ ਕੇ ਕਈ ਤਰ੍ਹਾਂ ਦੇ ਵਸੇਬੇ ਅਤੇ ਭਾਸ਼ਾ ਦੇ ਪ੍ਰੋਗਰਾਮ ਮੁਹੱਈਆ ਕਰਾਂਗੇ।

ਇਸ ਵੈੱਬਸਾਈਟ ਤੇ ਤੁਸੀਂ ਓਨਟੇਰੀਓ ਵਿੱਚ ਰਹਿਣ ਦੀਆਂ ਥਾਵਾਂ, ਕੰਮ ਕਰਨ, ਪੜ੍ਹਣ, ਕੋਈ ਕਿੱਤਾ ਸਿੱਖਣ, ਜਾਂ ਆਪਣੇ ਕਿੱਤੇ ਜਾਂ ਪੇਸ਼ੇ ਵਿੱਚ ਕੰਮ ਕਰਨ ਅਤੇ ਇਹ ਜਾਣਨ ਲਈ ਕਿ ਓਨਟੇਰੀਓ ਵਿੱਚ ਨਵਾਂ ਕਾਰੋਬਾਰ ਕਿਵੇਂ ਆਰੰਭ ਕਰੀਏ, ਬਾਰੇ ਜਾਣਕਾਰੀ ਹਾਸਲ ਕਰ ਸਕੋਗੇ।

ਤੁਸੀਂ ਓਨਟੇਰੀਓ ਵਿੱਚ ਜੀਵਨ – ਸਾਡੇ ਲੋਕਾਂ ਅਤੇ ਸੱਭਿਆਚਾਰ, ਸਾਡੇ ਇਤਿਹਾਸ, ਸਾਡੇ ਭੂਗੋਲ ਅਤੇ ਮੌਸਮ ਅਤੇ ਓਨਟੇਰੀਓ ਵਿੱਚ ਸੈਰ ਕਰਨ ਆਉਣ – ਬਾਰੇ ਵੀ ਵਧੇਰੇ ਜਾਣਕਾਰੀ ਹਾਸਲ ਕਰ ਸਕਦੇ ਹੋ।

ਅਤੇ ਤੁਸੀਂ ਜ਼ਰੂਰੀ ਫਾਰਮ ਡਾਊਨਲੋਡ ਕਰ ਸਕਦੇ ਹੋ। ਅਜਿਹੇ ਫਾਰਮ ਜੋ ਤੁਹਾਨੂੰ ਇਮੀਗ੍ਰੇਸ਼ਨ ਦੀ ਦਰਖ਼ਾਸਤ ਦੇਣ, ਡਰਾਈਵਰ ਲਸੰਸ ਲੈਣ ਅਤੇ ਓਨਟੇਰੀਓ ਵਿੱਚ ਨਵਾਂ ਜੀਵਨ ਆਰੰਭ ਕਰਨ ਲਈ ਚਾਹੀਦੇ ਹਨ।

ਓਨਟੇਰੀਓ ਵਿੱਚ ਤੁਹਾਡਾ ਸਵਾਗਤ ਹੈ – ਉਸ ਜਗ੍ਹਾ, ਜਿਹੜੀ ਦੁਨੀਆਂ ਭਰ ਦੇ ਲੋਕਾਂ ਲਈ ਸਭ ਤੋਂ ਵਧੀਆ ਹੋ ਸਕਦੀ ਹੈ।

Premier McGuinty's ਦੀ ਵੈੱਬਸਾਈਟ ਵੇਖੋ
ਵਾਪਿਸ OntarioImmigration.ca ’ਤੇ